# ਦਫਤਰ ਡਿਪਟੀ ਕਮਿਸ਼ਨਰ -ਕਮ-
# ਜ਼ਿਲ੍ਹਾ ਚੋਣਕਾਰ ਅਫਸਰ, ਫਰੀਦਕੋਟ

Email:- adcdelectioncellfdk@gmail.com

## ਸ਼ਰਤਾਂ

1. ਫਰਮ/ਏਜੰਸੀ ਵੱਲੋਂ ਬਲੈਕ ਲਿਸਟ ਨਾ ਹੋਣ ਸਬੰਧੀ ਹਲਫੀਆਂ ਬਿਆਨ ਕਾਰਜਕਾਰੀ ਮੈਜਿਸਟਰੇਟ ਜਾਂ ਨੋਟਰੀ ਤੋਂ ਤਸਦੀਕ ਕਰਵਾ ਕੇ ਦਿੱਤਾ ਜਾਵੇਗਾ।
2. ਫਰਮ/ਏਜੰਸੀ ਵੱਲੋਂ 50,000/- ਰੁਪੈ ਬਤੌਰ ਸਕਿਉਰਿਟੀ Additional Deputy Commissioner (Dev.)-cum-Additional District Electoral Officer, Faridkot ਦੇ ਨਾਮ ਤੇ ਡਰਾਫਟ ਰਾਹੀਂ ਟੈਂਡਰ ਫਾਰਮ ਦੇ ਨਾਲ ਜਮ੍ਹਾਂ ਕਰਵਾਉਣੇ ਜਰੂਰੀ ਹੋਣਗੇ।
3. ਫਰਮ/ਏਜੰਸੀ ਵੱਲੋਂ ਕਿਸੇ ਵੀ ਦਫਤਰੀ ਕੰਮ ਵਾਲੇ ਦਿਨ ਟੈਂਡਰ ਫਾਰਮ ਦਫਤਰ Additional Deputy Commissioner (Dev.)-cum-Additional District Electoral Officer, Faridkot ਵਿੱਚੋਂ ਮਿਤੀ 29/01/2021 ਤੋਂ 02/02/2021 ਤੱਕ ਪ੍ਰਾਪਤ ਕੀਤਾ ਜਾ ਸਕਦਾ ਹੈ। ਟੈਂਡਰ ਫਾਰਮ ਲੈਣ ਉਪਰੰਤ ਮਿਤੀ 03/02/2021 ਨੂੰ ਬਾਅਦ ਦੁਪਹਿਰ 12:00 ਵਜੇਂ ਤੱਕ ਜਮ੍ਹਾਂ ਕਰਵਾਏ ਜਾ ਸਕਦੇ ਹਨ। ਟੈਂਡਰ ਫਾਰਮ ਫੀਸ 500/- ਵੱਖਰੀ ਜਮ੍ਹਾਂ ਕਰਵਾਉਣੀ ਪਵੇਗੀ, ਜੋ ਕਿ ਨਾ ਮੋੜਨਯੋਗ ਹੋਵੇਗੀ। ਇਹ ਰਕਮ ਟੈਂਡਰ ਪ੍ਰੋਸੈਸਿੰਗ ਫੀਸ ਵਜੋਂ ਗਿਣੀ ਜਾਵੇਗੀ। ਪ੍ਰਾਪਤ ਹੋਏ ਟੈਂਡਰ ਫਾਰਮ ਗਠਿਤ ਕਮੇਟੀ ਵੱਲੋਂ ਸਬੰਧਤ ਫਰਮ/ਏਜੰਸੀ ਦੀ ਹਾਜ਼ਰੀ ਵਿੱਚ ਮਿਤੀ 03/02/2021 ਨੂੰ ਬਾਅਦ ਦੁਪਹਿਰ 03:00 ਵਜੇਂ ਫਾਰਮ ਦਫਤਰ Deputy Commissioner -cum- District Electoral Officer, Faridkot ਵਿਖੇ ਖੋਲੇ ਜਾਣਗੇ।
4. ਫਰਮ/ਏਜੰਸੀ ਦਾ ਰਜਿਸਟ੍ਰੇਸ਼ਨ/ਟੈਕਸ ਸਬੰਧੀ ਦਸਤਾਵੇਜ਼ (ਜਿਵੇਂ ਕਿ ਪੈਨ, ਟੈਨ ਨੰਬਰ, ਜੀ.ਐਸ.ਟੀ. ਨੰ:, ਬੈਂਕ ਖਾਤਾ ਆਦਿ) ਟੈਂਡਰ ਸਮੇਂ ਨਾਲ ਨੱਥੀ ਕਰਨੇ ਜ਼ਰੂਰੀ ਹਨ।
5. ਫਰਮ/ਏਜੰਸੀ ਦਾ ਘੱਟੋ ਘੱਟ 2 ਸਾਲ ਦਾ ਤਜਰਬਾ ਹੋਵੇ।
6. ਫਰਮ/ਏਜੰਸੀ ਦੀ ਘੱਟੋ ਘੱਟ ਪਿਛਲੇ ਸਾਲ ਦੌਰਾਨ 10.00 ਲੱਖ ਰੁਪੈ ਦੀ ਟਰਨ ਓਵਰ ਹੋਣੀ ਚਾਹੀਦੀ ਹੈ। ਇਸ ਦਾ ਸਬੂਤ ਟੈਂਡਰ ਨਾਲ ਨੱਥੀ ਕੀਤਾ ਜਾਵੇ।
7. ਟੈਂਡਰ ਸਬੰਧੀ ਦਸਤਾਵੇਜ਼ਾਂ ਤੇ ਆਪਣੀ ਕੰਪਨੀ ਦੀ ਰਬੜ ਮੋਹਰ ਲਗਾ ਕੇ ਪੂਰੇ ਹਸਤਾਖਰ ਕੀਤੇ ਜਾਣਗੇ ਅਤੇ ਟੈਂਡਰ ਵਿਚ ਕਿਸੇ ਕਿਸਮ ਦੀ ਕੋਈ ਕਟਿੰਗ ਨਹੀ ਹੋਣੀ ਚਾਹੀਦੀ। ਜੇਕਰ ਕੋਈ ਕਟਿੰਗ ਹੁੰਦੀ ਹੈ ਤਾਂ ਉਸਤੇ ਵੀ ਆਪਣੇ ਹਸਤਾਖਰ ਕੀਤੇ ਜਾਣ।
8. ਜੇਕਰ ਫਰਮ/ਏਜੰਸੀ ਦੇ ਨਾਲ ਕਿਸੇ ਕਿਸਮ ਦਾ ਕੋਈ ਡਿਸਪਿਊਟ ਹੁੰਦਾ ਹੈ ਤਾਂ ਇਸ ਦਾ ਫੈਸਲਾ ਕਰਨ ਦਾ ਅਧਿਕਾਰ ਗਠਿਤ ਕਮੇਟੀ ਪਾਸ ਹੋਵੇਗਾ। ਟੈਂਡਰ ਬਿਨਾਂ ਕਾਰਨ ਦੱਸੇ ਰੱਦ ਕਰਨ ਦਾ ਅਧਿਕਾਰ ਚੇਅਰਮੈਨ ਕਮੇਟੀ ਪਾਸ ਹੋਵੇਗਾ।
9. ਫਰਮ/ਏਜੰਸੀ ਵਿਭਾਗ ਦੇ ਨਿਯਮ/ਸ਼ਰਤਾਂ ਮੰਨਣ ਲਈ ਪਾਬੰਦ ਹੋਣਗੇ।
10. ਖਰੀਦੇ ਜਾਣ ਵਾਲੇ ਸਮਾਨ ਦੀ ਲਿਸਟ ਇਸ ਦਫਤਰ ਪਾਸੋਂ ਪ੍ਰਾਪਤ ਕੀਤੀ ਜਾ ਸਕਦੀ ਹੈ।
11. ਜੇਕਰ ਕਿਸੇ ਫਰਮ/ਏਜੰਸੀ ਵੱਲੋਂ ਭਰੇ ਗਏ ਟੈਂਡਰ ਫਾਰਮ ਵਿਚ ਦਿੱਤੀਆਂ Specifications ਤੋਂ ਘੱਟ ਕੁਆਲਿਟੀ ਦੇ ਸਮਾਨ ਦੀ ਸਪਲਾਈ ਕੀਤੀ ਜਾਂਦੀ ਹੈ ਤਾਂ ਉਸ ਫਰਮ/ਏਜੰਸੀ ਦਾ ਸਪਲਾਈ ਕੀਤਾ ਗਿਆ ਮਟੀਰੀਅਲ ਜਬਤ ਕੀਤਾ ਜਾਵੇਗਾ ਅਤੇ ਬਣਦੀ ਕਾਨੂੰਨੀ ਕਾਰਵਾਈ ਕਰਕੇ ਅਦਾਇਗੀ ਨਹੀਂ ਕੀਤੀ ਜਾਵੇਗੀ।
12. ਟੈਂਡਰ ਪ੍ਰਵਾਨ ਜਾਂ ਰੱਦ ਕਰਨ ਦਾ ਅਧਿਕਾਰ ਗਠਿਤ ਕਮੇਟੀ ਪਾਸ ਹੋਵੇਗਾ।

ਵਧੀਕ ਡਿਪਟੀ ਕਮਿਸ਼ਨਰ(ਵਿ:)-ਕਮ-
ਵਧੀਕ ਜ਼ਿਲ੍ਹਾ ਚੋਣਕਾਰ ਅਫਸਰ,
ਫਰੀਦਕੋਟ।